**THE PUNJAB STATE BOARD OF TECHNICAL EDUCATION AND INDUSTRIAL TRAINING**

Plot No. 1-A, Sec. 36-A, Chandigarh Ph., 0172-2615385 Fax: 2664333 e-mail: ceitipb@gmail.com

ਪੀ.ਐਸ.ਬੀ.ਟੀ./ਆਈ.ਟੀ/16 / 3006 ਮਿਤੀ: 17.11.16

ਸੇਵਾ ਵਿਖੇ

ਪ੍ਰਿਸੀਪਲ,
ਸਮੂਹ ਪ੍ਰਾਈਵੇਟ ਅਤੇ ਸਰਕਾਰੀ ਆਈ.ਟੀ.ਆਈ/(ਇ),
ਪੰਜਾਬ ਰਾਜ ਅਧੀਨ ।

ਵਿਸ਼ਾ : ਈ ਨੈਸ਼ਨਲ ਟਰੇਡ ਸਰਟੀਫਿਕੇਟ ਪ੍ਰਿੰਟਿੰਗ ਲਈ ਪ੍ਰਾਪਤ ਹੋਏ ਡਾਟੇ ਵਿਚ ਤਰੁੱਟੀਆਂ ਹੋਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਬੋਰਡ ਦਫਤਰ ਵੱਲੋ ਐਨ.ਟੀ.ਸੀ ਸਰਟੀਫਿਕੇਟ ਜਾਰੀ ਕਰਨ ਲਈ ਲੋੜੀਦਾ ਡਾਟਾ ਨਿਰਧਾਰਤ ਫਾਰਮੇਟ ਉਤੇ ਮੰਗਿਆ ਗਿਆ ਸੀ। ਜਿਸ ਸਬੰਧੀ ਅਲੱਗ ਅਲੱਗ ਸੰਸਥਾਵਾਂ ਵੱਲੋਂ ਸਬੰਧਤ ਡਾਟਾ ਬੋਰਡ ਦਫਤਰ ਵਿਖੇ ਜਮਾ ਕਰਵਾਇਆ ਗਿਆ ਹੈ।ਇਸ ਡਾਟੇ ਵਿਚੋ ਕੇਵਲ ਪਾਸ ਸਿਖਿਆਰਥੀਆਂ ਦਾ ਸਹੀ ਪ੍ਰਾਪਤ ਡਾਟਾ ਹੀ ਡੀ.ਜੀ.ਟੀ.,ਨਵੀਂ ਦਿੱਲੀ ਵਿਖੇ ਭੇਜਿਆ ਗਿਆ ਹੈ ।ਇਥੇ ਇਹ ਦੱਸਣ ਯੋਗ ਹੈ ਕਿ ਸਤੰਬਰ -2016 ਤੋਂ ਨਵੰਬਰ -2016 ਤੱਕ ਪ੍ਰਾਪਤ ਹੋਏ ਡਾਟੇ ਵਿੱਚ ਨੱਥੀ ਸੰਸਥਾਵਾਂ ਦੇ ਡਾਟੇ ਵਿੱਚ ਕੁਝ ਖਾਮੀਆ ਪਾਈਆ ਗਈਆ ਹਨ, ਜਿਵੇਂਕਿ ਕੁਝ ਸਿਖਿਆਰਥੀਆ ਦੇ ਗਲਤ ਰਜਿਸਟਰੇਸ਼ਨ ਨੰਬਰ ਦਰਸਾਏ ਗਏ ਹਨ ਅਤੇ ਕਈ ਸੰਸਥਾਵਾ ਵੱਲੋਂ ਫੇਲ ਸਿਖਿਆਰਥੀਆ ਦਾ ਡਾਟਾ ਵੀ ਭੇਜਿਆ ਗਿਆ ਹੈ ।

ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨੱਥੀ ਡਾਟੇ ਵਿੱਚ ਦਰਜ ਰਜਿਸਟਰੇਸ਼ਨ ਨੰਬਰ ਨੂੰ ਆਪਣੇ ਪੱਧਰ ਤੇ ਰਿਕਾਰਡ ਅਨੁਸਾਰ ਮੁੜ ਤੋਂ ਚੈਕ ਕੀਤਾ ਜਾਵੇ ਉਸ ਉਪਰੰਤ ਸਹੀ ਡਾਟਾ ਨਿਰਧਾਰਤ ਪ੍ਰੋਫਾਰਮੇ ਤੇ ਭਰਕੇ (ਐਕਸਲ ਫਾਰਮੇਟ ਵਿੱਚ) ਲੋੜੀਦੇ ਦਸਤਾਵੇਜ਼ ਸਮੇਤ 10 ਦਿਨਾਂ ਦੇ ਅੰਦਰ -ਅੰਦਰ ਦਸਤੀ ਤੌਰ ਤੇ ਬੋਰਡ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਉਸੇ ਅਨੁਸਾਰ ਬੋਰਡ ਦਫਤਰ ਵੱਲੋਂ ਯੋਗ ਕਾਰਵਾਈ ਕੀਤੀ ਜਾ ਸਕੇ ।

ਨੱਥੀ Error List(02)

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)
ਵਾਸਤੇ ਸਕੱਤਰ
PSBTE&IT

ਪਿੱਠ ਅੰਕਣ ਨੰਬਰ: ਮਿਤੀ: 18/11/2016

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ , ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ।
2. ਪੀਏ / ਸਕੱਤਰ
3. ਪ੍ਰਸ਼ਾਸਕੀ ਅਫਸਰ
4. ਸਿਸਟਮ ਐਡਮਨਿਸਟਰੇਟਰ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)
ਵਾਸਤੇ ਸਕੱਤਰ
PSBTE&IT